VICTORIA'S BIG BUILD

# MTIA ਭਾਈਚਾਰਕ ਸਹਾਇਤਾ (ਕਮਿਊਨਿਟੀ ਅਸਿਸਟੈਂਸ) ਪ੍ਰੋਗਰਾਮ (CAP)

## ਪ੍ਰਮੁੱਖ ਆਵਾਜਾਈ ਬੁਨਿਆਦੀ ਢਾਂਚਾ (ਮੇਜਰ ਟਰਾਂਸਪੋਰਟ ਇਨਫਰਾਸਟਰੱਕਚਰ) ਅਥਾਰਟੀ (MTIA) ਪ੍ਰਮੁੱਖ ਆਵਾਜਾਈ ਪ੍ਰੋਜੈਕਟਾਂ ਦੀ ਯੋਜਨਾਬੰਦੀ, ਅਦਾਇਗੀ ਅਤੇ ਨਿਰਮਾਣ ਵਿੱਚ ਆਵਾਜਾਈ ਵਿਭਾਗ ਦੇ ਨਾਲ ਮਿਲ ਕੇ ਕੰਮ ਕਰਦੀ ਹੈ।

ਆਵਾਜਾਈ ਦਾ ਵਿਭਾਗ ਅਤੇ MTIA ਇਹ ਯਕੀਨੀ ਬਣਾਉਂਦੇ ਹਨ ਕਿ ਵੱਡੀਆਂ ਨਿਰਮਾਣ ਗਤੀਵਿਧੀਆਂ ਅਤੇ ਰੁਕਾਵਟਾਂ ਦਾ ਸਮੁੱਚੇ ਟਰਾਂਸਪੋਰਟ ਨੈੱਟਵਰਕ ਵਿੱਚ ਤਾਲਮੇਲ ਕੀਤਾ ਜਾਵੇ, ਜਿਸ ਵਿੱਚ ਲੋਕਾਂ ਨੂੰ ਵੱਡੇ ਪ੍ਰੋਜੈਕਟਾਂ ਦੇ ਸਮੇਂ ਇਹਨਾਂ ਦੇ ਵਿੱਚੋਂ ਲੰਘਦੇ ਰਹਿਣ ਦੀਆਂ ਯੋਜਨਾਵਾਂ ਵੀ ਸ਼ਾਮਲ ਹਨ। MTIA ਵਿਕਟੋਰੀਆ ਵਿੱਚ 165 ਤੋਂ ਵੱਧ ਵੱਡੇ ਆਵਾਜਾਈ ਪ੍ਰੋਜੈਕਟਾਂ ਦੀ ਅਦਾਇਗੀ ਲਈ ਜ਼ਿੰਮੇਵਾਰ ਹੈ। ਇਹ 5 ਪ੍ਰੋਜੈਕਟ ਟੀਮਾਂ ਤੋਂ ਬਣੀ ਹੋਈ ਹੈ:

- ਰੇਲਵੇ ਫਾਟਕ ਹਟਾਉਣ ਦਾ ਪ੍ਰੋਜੈਕਟ
- ਪ੍ਰਮੁੱਖ ਸੜਕ ਪ੍ਰੋਜੈਕਟ ਵਿਕਟੋਰੀਆ
- ਉੱਤਰ ਪੂਰਬ ਲਿੰਕ ਪ੍ਰੋਜੈਕਟ
- ਰੇਲ ਪ੍ਰੋਜੈਕਟ ਵਿਕਟੋਰੀਆ
- ਵੈਸਟ ਗੇਟ ਸੁਰੰਗ ਪ੍ਰੋਜੈਕਟ।

ਭਾਈਚਾਰਕ ਸਹਾਇਤਾ (ਕਮਿਊਨਿਟੀ ਅਸਿਸਟੈਂਸ) ਪ੍ਰੋਗਰਾਮ (CAP) ਇਹਨਾਂ ਵੱਡੇ ਪ੍ਰੋਜੈਕਟਾਂ ਦੇ ਨਿਰਮਾਣ ਨਾਲ ਪ੍ਰਭਾਵਿਤ ਵਸਨੀਕਾਂ, ਕਾਰੋਬਾਰੀ ਮਾਲਕਾਂ ਅਤੇ ਉਹਨਾਂ ਦੇ ਨਜ਼ਦੀਕੀ ਪਰਿਵਾਰਾਂ ਵਾਸਤੇ ਗੁਪਤ ਮੁਫ਼ਤ ਪੇਸ਼ੇਵਰ ਸਲਾਹ-ਮਸ਼ਵਰਾ ਸਹਾਇਤਾ ਸੇਵਾ ਹੈ।

CAP ਯੋਗ ਮਨੋਵਿਗਿਆਨੀਆਂ ਅਤੇ ਸਮਾਜ ਸੇਵਕਾਂ ਨਾਲ ਸੁਰੱਖਿਅਤ ਵਾਤਾਵਰਣ ਵਿੱਚ ਕੰਮ, ਜੀਵਨ ਜਾਂ ਕਿਸੇ ਨਿੱਜੀ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡਾ ਸਮਰਥਨ ਕਰ ਸਕਦਾ ਹੈ। MTIA ਨੇ ਇਸ ਸਹਾਇਤਾ ਸੇਵਾ ਦੀ ਅਦਾਇਗੀ ਕਰਨ ਲਈ ਪ੍ਰਮੁੱਖ ਸਿਹਤ ਸੇਵਾਵਾਂ ਦੇ ਪ੍ਰਦਾਨਕ, ਨਿਊ ਵਿਊ ਸਾਈਕੋਲੋਜੀ (NVP) ਨੂੰ ਸ਼ਾਮਲ ਕੀਤਾ ਹੈ।

NVP ਇਕ ਸੁਤੰਤਰ ਤੀਜੀ ਧਿਰ ਹੈ। ਤੁਸੀਂ ਯਕੀਨ ਰੱਖ ਸਕਦੇ ਹੋ ਕਿ ਇਹ ਸੇਵਾ ਪੂਰੀ ਤਰ੍ਹਾਂ ਨਾਲ ਗੁਪਤ ਹੈ। NVP ਲਾਜ਼ਮੀ ਪਰਦੇਦਾਰੀ ਕਾਨੂੰਨਾਂ ਅਤੇ ਸਿਧਾਂਤਾਂ ਅਤੇ ਪੇਸ਼ੇਵਰ ਮਿਆਰਾਂ ਅਤੇ ਨੈਤਿਕਤਾ ਦੇ ਕੋਡਾਂ ਦੀ ਵੀ ਪਾਲਣਾ ਕਰਦੀ ਹੈ।

### NVP ਕਿਵੇਂ ਮਦਦ ਕਰ ਸਕਦੀ ਹੈ?

NVP ਤੁਹਾਡੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਵੀ ਮੁੱਦਿਆਂ ਦੀ ਪਛਾਣ ਕਰਨ, ਪੜਚੋਲ ਕਰਨ ਅਤੇ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰੇਗੀ, ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਤਣਾਅ
- ਚਿੰਤਾ ਅਤੇ ਉਦਾਸੀ ਵਾਲਾ ਮੂਡ
- ਗੁੱਸਾ ਅਤੇ ਭਾਵਨਾਤਮਕ ਪ੍ਰਬੰਧਨ
- ਸੋਗ ਅਤੇ ਘਾਟਾ/ਅਨੁਕੂਲਤਾ ਦੀਆਂ ਮੁਸ਼ਕਿਲਾਂ
- ਪਰਿਵਾਰਕ ਮੁੱਦੇ/ਪ੍ਰਭਾਵ
- ਬਦਲਾਅ ਨਾਲ ਨਜਿੱਠਣ ਲਈ ਨਸ਼ੇ ਦੀਆਂ ਸਮੱਸਿਆਵਾਂ (ਸ਼ਰਾਬ, ਤੰਬਾਕੂਨੋਸ਼ੀ ਜਾਂ ਹੋਰ ਨਸ਼ੇ ਵਾਲੀਆਂ ਦਵਾਈਆਂ ਦੀ ਵਰਤੋਂ ਵਿੱਚ ਵਾਧਾ)
- ਵਿੱਤੀ ਪਰੇਸ਼ਾਨੀ
- ਰੋਜ਼ੀ-ਰੋਟੀ 'ਤੇ ਪ੍ਰਭਾਵ
- ਬਦਲਾਅ ਨਾਲ ਨਜਿੱਠਣ ਵਿੱਚ ਮੁਸ਼ਕਿਲ
- ਸੌਣ ਦੀਆਂ ਸਮੱਸਿਆਵਾਂ
- ਵਿਸਥਾਪਨ
- ਵਾਤਾਵਰਣ ਦੇ ਤਣਾਅ ਨਾਲ ਨਜਿੱਠਣ ਵਿੱਚ ਮੁਸ਼ਕਿਲ (ਰੌਲਾ, ਧੂੜ-ਮਿੱਟੀ ਅਤੇ ਉਸਾਰੀ ਦੇ ਪ੍ਰਭਾਵ)

### ਸਲਾਹ-ਮਸ਼ਵਰਾ ਕਿੱਥੇ ਹੁੰਦਾ ਹੈ?

CAP ਵਿਕਟੋਰੀਆ ਭਰ ਵਿੱਚ NVP ਦੇ ਸਥਾਨਾਂ ਵਿੱਚੋਂ ਇਕ ਤੋਂ ਫ਼ੋਨ, ਵੀਡੀਓ ਵਿਧੀਆਂ ਅਤੇ ਆਹਮਣੇ-ਸਾਹਮਣੇ ਦੀਆਂ ਮੁਲਾਕਾਤਾਂ ਰਾਹੀਂ ਸਲਾਹ-ਮਸ਼ਵਰਾ ਸੇਵਾਵਾਂ ਪ੍ਰਦਾਨ ਕਰਦੀ ਹੈ।

### ਸਲਾਹਕਾਰ ਕੌਣ ਹਨ?

NVP ਦੇ ਸਲਾਹਕਾਰ ਯੋਗ ਮਨੋਵਿਗਿਆਨੀ ਅਤੇ ਸਮਾਜ ਸੇਵਕ ਹਨ, ਜਿਨ੍ਹਾਂ ਕੋਲ ਚੋਟੀ ਦੀ ਉਦਯੋਗ ਸੰਸਥਾ ਦੀ ਮਾਨਤਾ ਅਤੇ ਤਜ਼ਰਬਾ ਹੈ।

### ਸੇਵਾ ਲਈ ਕੌਣ ਭੁਗਤਾਨ ਕਰਦਾ ਹੈ?

ਵਿਕਟੋਰੀਆ ਦੀ ਸਰਕਾਰ ਦੀ ਤਰਫ਼ੋਂ MTIA ਨੇ ਵਸਨੀਕਾਂ, ਕਾਰੋਬਾਰੀ ਮਾਲਕਾਂ ਅਤੇ ਉਨ੍ਹਾਂ ਦੇ ਨਜ਼ਦੀਕੀ ਪਰਿਵਾਰਾਂ ਲਈ CAP ਨੂੰ ਪੂਰੀ ਤਰ੍ਹਾਂ ਮਾਲੀ ਸਹਾਇਤਾ ਦਿੱਤੀ ਹੋਈ ਹੈ ਜੋ MTIA ਦੁਆਰਾ ਬਣਾਏ ਜਾ ਰਹੇ ਪ੍ਰਮੁੱਖ ਆਵਾਜਾਈ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੇ ਵਿਕਾਸ ਅਤੇ ਅਦਾਇਗੀ ਰਾਹੀਂ ਪ੍ਰਭਾਵਿਤ ਹੋਏ ਹਨ।

### ਮੈਂ ਸਲਾਹ-ਮਸ਼ਵਰੇ ਦੇ ਕਿੰਨੇ ਸੈਸ਼ਨ ਪ੍ਰਾਪਤ ਕਰ ਸਕਦਾ/ਦੀ ਹਾਂ?

CAP ਸੇਵਾ ਤੱਕ ਪਹੁੰਚ ਕਰਨ ਵਾਲਾ ਹਰੇਕ ਪਰਿਵਾਰ ਜਾਂ ਕਾਰੋਬਾਰ ਇਕ ਘੰਟੇ ਵਾਲੇ ਛੇ ਸੈਸ਼ਨਾਂ ਦਾ ਹੱਕਦਾਰ ਹੈ।

### ਮੁਲਾਕਾਤ ਤਹਿ ਕਰੋ

ਇਸ ਨੰਬਰ ਨੂੰ ਫੋਨ ਕਰਕੇ ਆਪਣੇ ਵਾਸਤੇ ਸੁਵਿਧਾਜਨਕ ਸਮੇਂ ਅਤੇ ਸਥਾਨ ਉੱਤੇ ਮੁਲਾਕਾਤ ਦਾ ਪ੍ਰਬੰਧ ਕਰੋ:

1300 830 687 ਅਤੇ ਸਬੰਧਿਤ ਪ੍ਰੋਜੈਕਟ ਗਾਹਕ ਕੋਡ ਦਾ ਹਵਾਲਾ ਦਿਓ:

| ਪ੍ਰੋਜੈਕਟ ਦਾ ਨਾਮ | ਗਾਹਕ ਕੋਡ |
|---|---|
| ਰੇਲਵੇ ਫਾਟਕ ਹਟਾਉਣ ਦਾ ਪ੍ਰੋਜੈਕਟ | CSLX |
| ਪ੍ਰਮੁੱਖ ਸੜਕ ਪ੍ਰੋਜੈਕਟ ਵਿਕਟੋਰੀਆ | MRPV |
| ਉੱਤਰ ਪੂਰਬ ਲਿੰਕ ਪ੍ਰੋਜੈਕਟ | NEL |
| ਰੇਲ ਪ੍ਰੋਜੈਕਟ ਵਿਕਟੋਰੀਆ | RPV |
| ਵੈਸਟ ਗੇਟ ਸੁਰੰਗ ਪ੍ਰੋਜੈਕਟ | WGTP |